**ਕਨੇਡਾ ਦੀ ਸਰਕਾਰ ਨੇ ਆਰਥਕ ਐਕਸ਼ਨ ਪਲਾਨ 2012 ਪੇਸ਼ ਕੀਤਾ – ਨੌਕਰੀਆਂ, ਵਿਕਾਸ, ਅਤੇ ਦੀਰਘ-ਕਾਲੀਨ ਕਾਮਯਾਬੀ ਦੀ ਯੋਜਨਾ**

ਮਾਣਯੋਗ ਜਿਮ ਫਲੇਹਰਟੀ, ਫਾਈਨੈਂਸ ਮਨਿਸਟਰ ਨੇ ਅੱਜ ਕਨੇਡਾ ਦੀ ਦੀਰਘ-ਕਾਲੀਨ ਆਰਥਕ ਤਾਕਤਾਂ ਨੂੰ ਸਹਾਰਾ ਦੇਣ ਲਈ ਅਤੇ ਨੌਕਰੀਆਂ ਦੀ ਉੱਨਤੀ ਨੂੰ ਉਤੇਜਤ ਕਰਨ ਲਈ ਇੱਕ ਵਿਆਪਕ ਕਾਰਜ-ਸੂਚੀ ਪੇਸ਼ ਕੀਤੀ।

"ਇਸ ਬੱਜਟ ਵਿੱਚ, ਸਾਡੀ ਸਰਕਾਰ ਅੱਗੇ ਦੇ ਸਿਰਫ ਕੁੱਝ ਹੀ ਸਾਲਾਂ 'ਤੇ ਧਿਆਨ ਨਹੀਂ ਦੇ ਰਹੀ ਹੈ, ਬਲਕਿ ਅਗਲੀ ਪੀੜ੍ਹੀ 'ਤੇ ਵੀ," ਮਨਿਸਟਰ ਫਲੇਹਰਟੀ ਨੇ ਕਿਹਾ। "ਜੋ ਸੁਧਾਰ ਅਸੀਂ ਅੱਜ ਪੇਸ਼ ਕਰ ਰਹੇ ਹਾਂ ਉਹ ਠੋਸ, ਜ਼ਿਮੇਵਾਰ ਅਤੇ ਜ਼ਰੂਰੀ ਹਨ। ਉਹ ਸਰਕਾਰ ਵਿੱਚ ਹਰ ਪਾਸੇ ਨਿਸ਼ਚਿਤ ਕਰਨਗੇ ਕਿ ਕਨੇਡਾ ਦੀ ਦੀਰਘ-ਕਾਲੀਨ ਆਰਥਕ ਵਿਕਾਸ ਨੂੰ ਸਮਰਥ ਬਣਾਉਣ ਅਤੇ ਜਾਰੀ ਰੱਖਣ 'ਤੇ ਸਾਡਾ ਧਿਆਨ ਕੇਂਦਰਤ ਹੈ।"

ਆਰਥਕ ਐਕਸ਼ਨ ਪਲਾਨ 2012, ਚੁਣੌਤੀਆਂ ਦਾ ਸਾਮ੍ਹਣਾ ਕਰਨ ਲਈ ਮਹੱਤਵਪੂਰਨ ਕਦਮ ਲੈਂਦਾ ਹੈ ਅਤੇ ਵਿਸ਼ਵ ਵਿਆਪੀ ਅਰਥ-ਵਿਵਸਥਾ ਮੌਕਿਆਂ ਦਾ ਲਾਭ ਲੈਣ ਲਈ ਸਹਾਇਤਾ ਕਰਦਾ ਹੈ, ਅਤੇ ਨਾਲ ਨਾਲ ਭਾਵੀ ਪੀੜ੍ਹੀਆਂ ਲਈ ਟਿਕਾਊ ਸੋਸ਼ਲ ਪ੍ਰੋਗਰਾਮਾਂ ਅਤੇ ਠੋਸ ਪਬਲਿਕ ਫਾਈਨੈਂਸਿਜ਼ ਨਿਸ਼ਚਿਤ ਕਰਦਾ ਹੈ।

**ਨੌਕਰੀਆਂ ਅਤੇ ਮੌਕਿਆਂ ਦਾ ਸਮਰਥਨ ਕਰ ਰਹੇ ਹਨ**

ਆਰਥਕ ਵਿਕਾਸ ਅਤੇ ਨੌਕਰੀਆਂ ਦੇ ਨਿਰਮਾਣ – ਨਵੀਨਤਾ, ਨਿਵੇਸ਼, ਸਿਖਿਆ ਅਤੇ ਹੁਨਰ ਨੂੰ ਸਮਰਥ ਬਣਾਉਣ 'ਤੇ ਸਰਕਾਰ ਦਾ ਧਿਆਨ ਕੇਂਦਰਤ ਹੈ। ਆਰਥਕ ਐਕਸ਼ਨ ਪਲਾਨ 2012, ਨੌਕਰੀਆਂ ਵਿੱਚ ਵਿਕਾਸ ਦਾ ਸਮਰਥਨ ਇਸ ਪ੍ਰਕਾਰ ਕਰੇਗਾ:

- ਵਿਗਿਆਨ ਅਤੇ ਤਕਨੀਕੀ ਦੇ ਸਮਰਥਨ ਵਿੱਚ $1 ਬੀਲੀਅਨ ਤੋਂ ਵੱਧ ਦਾ ਮਹੱਤਵਪੂਰਨ ਨਿਵੇਸ਼ ਕਰਕੇ।
- ਨਵੀਂ ਖੋਜ ਲਈ ਸ਼ੁਰੂ ਹੋਣ ਵਾਲੀਆਂ ਕੰਪਨੀਆਂ ਨੂੰ ਉਤਸਾਹ ਦੇਣ ਲਈ $500 ਮੀਲੀਅਨ ਦੇ ਕੇ।
- ਵੱਡੇ ਆਰਥ ਪ੍ਰੋਜੈਕਟਾਂ ਲਈ, ਸਪਸ਼ਟ ਰੂਪ ਤੋਂ ਨਿਸ਼ਚਿਤ ਕੀਤੇ ਸਮੇਂ ਦੇ ਅੰਦਰ "ਇੱਕ ਪ੍ਰੋਜੈਕਟ ਇੱਕ ਰਿਵਿਊ" ਨਿਸ਼ਚਿਤ ਕਰਕੇ, ਅਤੇ ਨਾਲ ਨਾਲ ਵਾਤਾਵਰਣ ਦੀ ਸੁਰੱਖਿਆ ਕਾਇਮ ਰੱਖ ਕੇ।
- ਨਵੇਂ ਬਜ਼ਾਰ ਖੋਲ ਕੇ ਅਤੇ ਅੰਤਰ-ਰਾਸ਼ਟਰੀ ਵਪਾਰ ਨੂੰ ਵਧਾ ਕੇ, ਕਨੇਡੀਅਨ ਉਤਪਾਦ ਨੂੰ ਦੁਨੀਆ ਦੇ ਸਾਮ੍ਹਣੇ ਪੇਸ਼ ਕਰਕੇ।

- ਛੋਟੇ ਵਪਾਰਾਂ ਦੇ ਵਿਕਾਸ ਨੂੰ ਅਤੇ ਨਵੇਂ ਕਾਮਿਆਂ ਨੂੰ ਕੰਮ ‘ਤੇ ਰੱਖਣਾ ਆਕਰਸ਼ਕ ਬਣਾਉਣ ਲਈ ਛੋਟੇ ਵਪਾਰਾਂ ਲਈ ਹਾਏਰਿੰਗ ਕਰੈਡਿਟ ਨੂੰ ਇੱਕ ਸਾਲ ਹੋਰ ਵਧਾ ਕੇ।
- ਨਵੇਂ ਕਮਿਊਨਿਟੀ ਇਨਫ੍ਰਾਸਟਰਕਚਰ ਦੇ ਸੁਧਾਰ ਫੰਡ ਨੂੰ ਦੋ ਸਾਲ ਦੇ ਦੌਰਾਨ $150 ਮੀਲੀਅਨ ਦੇ ਕੇ।
- ਕਨੇਡੀਅਨ ਕੋਸਟ ਗਾਰਡ ਦੇ ਨਵੀਨੀਕਰਨ ਲਈ ਗਿਆਰਾਂ ਸਾਲ ਦੇ ਅੰਦਰ $5.2 ਬੀਲੀਅਨ ਦੇ ਕੇ।
- ਕੰਮ ਲਈ ਪ੍ਰੇਰਣਾ ਦੂਰ ਕਰਨ ਵਾਲੇ ਕਾਰਣਾਂ ਨੂੰ ਹਟਾ ਕੇ ਨੌਕਰੀਆਂ ਦੇ ਨਿਰਮਾਣ ਨੂੰ ਉਤਸਾਹ ਦੇਣ ‘ਤੇ, ਅਤੇ ਨਾਲ ਨਾਲ ਬੇਰੁਜ਼ਗਾਰ ਕਨੇਡੀਅਨਜ਼ ਨੂੰ ਉਤਸਾਹਤ ਕਰਨ ਲਈ ਉਹਨਾਂ ਦਾ ਸਬੰਧ ਜ਼ਿਆਦਾ ਜਲਦੀ ਨੌਕਰੀਆਂ ਨਾਲ ਜੋੜਨ ‘ਤੇ ਇਮਪਲਾਏਮੈਂਟ ਇੰਸ਼ੋਰੈਂਸ ਦਾ ਧਿਆਨ ਕੇਂਦਰਤ ਕਰਕੇ।
- ਫਰਸਟ ਨੇਸ਼ਨਜ਼ ਦੀ ਸਿਖਿਆ ਦੇ ਸਮਰਥਨ ਲਈ ਤਿੰਨ ਸਾਲ ਦੇ ਅੰਦਰ $275 ਮੀਲੀਅਨ ਦੇ ਕੇ ਅਤੇ ਰਿਜ਼ਰਵ ਵਿੱਚ ਸਕੂਲਾਂ ਦਾ ਨਿਰਮਾਣ ਅਤੇ ਉਹਨਾਂ ਦਾ ਨਵੀਨੀਕਰਨ ਕਰਕੇ।
- ਸਾਡੀਆਂ ਆਰਥਕ ਜ਼ਰੂਰਤਾਂ ਦੀ ਪੂਰਤੀ ਲਈ ਹੁਨਰ ਅਤੇ ਅਨੁਭਵ ਵਾਲੇ ਇਮੀਗ੍ਰੇਂਟਾਂ ਨੂੰ ਆਕਰਸ਼ਕ ਕਰਨ ਲਈ ਤੇਜ਼ ਅਤੇ ਸੁਵਿਧਾਜਨਕ ਆਰਥਕ ਇਮੀਗ੍ਰੇਸ਼ਨ ਸਿਸਟਮ ਦਾ ਨਿਰਮਾਣ ਕਰਕੇ।

## ਟਿਕਾਊ ਸੋਸ਼ਲ ਪ੍ਰੋਗਰਾਮਜ਼

ਇਹ ਨਿਸ਼ਚਿਤ ਕਰਨ ਲਈ ਕਿ ਭਾਵੀ ਪੀੜ੍ਹੀਆਂ ਨੂੰ ਲੋੜ ਪੈਣ ‘ਤੇ ਕਨੇਡਾ ਦੇ ਸੋਸ਼ਲ ਪ੍ਰੋਗਰਾਮਜ਼ ਉਪਲਬਧ ਰਹਿਣ, ਦੀਰਘ-ਕਾਲੀਨ ਜਨ ਅੰਕੜੇ ਸੰਬੰਧੀ ਦਬਾਉ ਦਾ ਸਾਮ੍ਹਣਾ ਲਰਨ ਲਈ ਆਪਣੇ “ਅੱਜ” ਨੂੰ ਤਿਆਰ ਕਰਨ ਦੇ ਇਰਾਦੇ ਨਾਲ ਅਸੀਂ ਜ਼ਿਮੇਵਾਰ ਕੰਮ ਕਰ ਰਹੇ ਹਾਂ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਆਰਥਕ ਐਕਸ਼ਨ ਪਲਾਨ 2012 ਇਹ ਕਰੇਗਾ:

- ਓਲਡ ਏਜ ਸਿਕਿਉਰਟੀ (ਓ.ਏ.ਐਸ.) ਅਤੇ ਗੈਰੰਟੀਡ ਇਨਕਮ ਸਪਲੀਮੈਂਟ ਦੇ ਲਾਭ ਲੈਣ ਦੀ ਯੋਗਤਾ ਦੀ ਉਮਰ ਅਪ੍ਰੈਲ 2023 ਤੋਂ ਲੈ ਕੇ ਹੌਲੀ ਹੌਲੀ 65 ਤੋਂ 67 ਤੱਕ ਵਧਾ ਕੇ ਅਤੇ 2029 ਤੱਕ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰੇਗਾ।
- ਕਨੇਡੀਅਨਜ਼ ਨੂੰ ਓ.ਏ.ਐਸ. ਪੈਨਸ਼ਨ ਪ੍ਰਾਪਤੀ ਨੂੰ ਟਾਲਣ ਦੀ ਆਗਿਆ ਦੇਵੇਗਾ, ਤਾਂ ਕਿ ਉਹ ਬਾਅਦ ਵਿੱਚ ਜ਼ਿਆਦਾ ਪੈਨਸ਼ਨ ਪ੍ਰਾਪਤ ਕਰ ਸਕਣ।
- ਓ.ਏ.ਐਸ. ਅਤੇ ਜੀ.ਆਈ.ਐਸ. ਲਈ ਪ੍ਰੋਐਕਟਿਵ ਇਨਰੋਲਮੈਂਟ ਦਾ ਤਰੀਕਾ ਸ਼ੁਰੂ ਕਰੇਗਾ ਤਾਂ ਕਿ ਬਜ਼ੁਰਗਾਂ ‘ਤੇ ਅਰਜ਼ੀ ਭਰਨ ਦੀ ਵਿਧੀ ਦਾ ਬੋਝ ਕੁੱਛ ਘੱਟ ਸਕੇ ਅਤੇ ਸਰਕਾਰ ਦਾ

ਪ੍ਰਬੰਧਕਾਰੀ ਖਰਚਾ ਘੱਟ ਸਕੇ। ਪ੍ਰੋਐਕਟਿਵ ਇਨਰੋਲਮੈਂਟ 2013 ਤੋਂ ਲੈ ਕੇ 2015 ਤੱਕ ਹੌਲੀ ਹੌਲੀ ਲਾਗੂ ਕੀਤਾ ਜਾਵੇਗਾ।

**ਜ਼ਿਮੇਵਾਰ ਖਰਚੇ ਦਾ ਇੰਤਜ਼ਾਮ**

ਆਰਥਕ ਐਕਸ਼ਨ ਪਲਾਨ 2012, ਨੌਕਰੀਆਂ, ਵਿਕਾਸ ਅਤੇ ਦੀਰਘ-ਕਾਲੀਨ ਕਾਮਯਾਬੀ ਲਈ ਸਾਡੀ ਯੋਜਨਾ ਹੈ। ਅੱਗੇ ਥੋੜ੍ਹੇ ਸਮੇਂ ਲਈ ਇੱਕ ਸੰਤੁਲਤ ਬੱਜਟ ਬਣਾਉਣਾ ਸਾਡੇ ਘੱਟ ਟੈਕਸ, ਘੱਟ ਕਰਜ਼ੇ ਵਾਲੀ ਯੋਜਨਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਪਿਛਲੇ ਇੱਕ ਸਾਲ ਵਿੱਚ ਅਸੀਂ ਘਾਟੇ ਨੂੰ ਘਟਾਉਣ ਲਈ ਸਧਾਰਣ ਬੱਚਤ ਦੇ ਤਰੀਕੇ ਲੱਭ ਲਏ ਹਨ। ਇਹਨਾਂ ਤਰੀਕਿਆਂ ਤੋਂ $5.2 ਬੀਲੀਅਨ ਦੀ ਟਿਕਾਊ ਬੱਚਤ ਹੋਵੇਗੀ ਜੋ 2016–2017 ਦੇ ਫੈਡਰਲ ਪ੍ਰੋਗਰਾਮਾਂ ਦੇ ਸੰਭਾਵੀ ਖਰਚੇ ਦੇ 2% ਤੋਂ ਘੱਟ ਹੈ। 70% ਤੋਂ ਵੱਧ ਬੱਚਤ ਅਸੀਂ ਕੰਮ ਦੇ ਤਰੀਕਿਆਂ ਨੂੰ ਜ਼ਿਆਦਾ ਸੁਯੋਗ ਬਣਾ ਕੇ ਕੀਤੀ ਹੈ।

"ਅਸੀਂ ਆਪਣੇ ਸਹੀ ਮਾਰਗ 'ਤੇ ਚੱਲਦੇ ਰਹਾਂਗੇ, ਤਾਂ ਕਿ ਕਨੇਡੀਅਨਜ਼ ਲਈ ਉੱਚੇ ਪੱਧਰ ਦੀਆਂ ਨੌਕਰੀਆਂ ਦਾ ਅਤੇ ਦੀਰਘ-ਕਾਲੀਨ ਆਰਥਕ ਵਿਕਾਸ ਦਾ ਨਿਰਮਾਣ ਹੋ ਸਕੇ," ਮਨਿਸਟਰ ਫਲੇਹਰਟੀ ਨੇ ਕਿਹਾ। "ਅਸੀਂ ਟੈਕਸ ਨਹੀਂ ਵਧਾਵਾਂਗੇ। ਅਰਥ-ਵਿਵਸਥਾ ਪ੍ਰਤੀ ਅਸੀਂ ਆਪਣਾ ਅਨੁਕੂਲ ਵਿਹਾਰਕ ਅਤੇ ਜ਼ਿਮੇਦਾਰ ਤਰੀਕਾ ਬਣਾਕੇ ਰੱਖਾਂਗੇ ਅਤੇ ਆਪਣੇ ਭਵਿੱਖ ਵਿੱਚ ਆਪਣੇ ਵਿਸ਼ਵਾਸ ਦੇ ਨਿਰਮਾਣ ਲਈ ਅਗਲੇ ਜ਼ਰੂਰੀ ਕਦਮ ਲੈਂਦੇ ਰਹਾਂਗੇ।"